23 ਜੁਲਾਈ: ਆਜ਼ਾਦ ਦੇ ਜਨਮ ਦਿਨ ’ਤੇ

# ਚੰਦਰ ਸ਼ੇਖਰ ਆਜ਼ਾਦ: ਪੰਡਤ ਤੋਂ ਵਿਦਰੋਹੀ

ਮਲਵਿੰਦਰ ਜੀਤ ਸਿੰਘ ਵੜੈਚ*

23 ਜੁਲਾਈ 1906 ਨੂੰ ਜੰਗਲੀ-ਕਬਾਇਲੀ ਇਲਾਕੇ ਦੇ ਪਿੰਡ ਭਾਵਰਾ ਵਿੱਚ ਜਨਮਿਆਂ, 14 ਸਾਲ ਦਾ ਚੰਦਰ ਸ਼ੇਖਰ, ਸਕੂਲੀ ਪੜ੍ਹਾਈ ਅਤੇ ਉਥੋਂ ਦੇ ਦਮ-ਘੁਟਵੇਂ ਮਾਹੌਲ ਤੋਂ ਤੰਗ ਆਕੇ, ਚੋਰੀ-ਚੋਰੀ ਨਸ ਕੇ, ਜਾ ਪਹੁੰਚਿਆ ਸਿੱਧਾ ਬੰਬਈ — ਉਥੋਂ ਦੇ ਇੱਕ ਮੋਤੀਆਂ ਦੇ ਵਿਉਪਾਰੀ ਨਾਲ, ਜੋ ਉਹਦੇ ਪਿੰਡ ਆਉਂਦਾ-ਜਾਂਦਾ ਸੀ ਤੇ ਬੰਬਈ ਮਹਾਂਨਗਰੀ ਦੀ ਚਮਕ-ਦਮਕ ਬਾਰੇ ਚੰਦਰ ਸ਼ੇਖਰ ਨੂੰ ਦੱਸਿਆ ਕਰਦਾ ਸੀ।




ਬੰਬਈ ਪਹੁੰਚ ਕੇ ਚੰਦਰ ਸ਼ੇਖਰ ਨੇ ਪੰਜ-ਛੇ ਮਹੀਨੇ ਸਮੁੰਦਰੀ ਜਹਾਜ਼ਾਂ ਦੀ ਸਾਫ-ਸਫਾਈ ਦੇ ਮਜ਼ਦੂਰ ਵੱਜੋਂ ਕੰਮ ਕੀਤਾ।

ਸਹਿਜੇ-ਸਹਿਜੇ ਆਜ਼ਾਦ ਨੂੰ ਇਸ ਕੋਹਲੂ ਦੇ ਬੌਲਦ ਵਾਲੀ ਜ਼ਿੰਦਗੀ ਤੋਂ ਘਿਰਣਾ ਹੋਣ ਲੱਗੀ, ਕਿ ਜੇ ਵਕਤ ਕਟੀ ਹੀ ਕਰਨੀ ਸੀ ਤਾਂ ਮੈਂ ਅਲੀਰਾਜਪੁਰ ਰਹਿੰਦਾ ਵੀ ਕਰ ਹੀ ਰਿਹਾ ਸਾਂ। ਮੈਨੂੰ ਬੰਬਈ ਆਉਣ ਦੀ ਕੀ ਲੋੜ ਸੀ? ਸੋ ਉਸ ਨੇ ਆਪਣਾ ਮਨ ਬਣਾ ਲਿਆ ਕਿ ਉਹ ਬਨਾਰਸ ਜਾਕੇ ਸੰਸਕ੍ਰਿਤ ਦੀ ਪੜ੍ਹਾਈ ਕਰੇਗਾ, ਜੋ ਉਸ ਦੇ ਪਿਤਾ ਜੀ ਦੀ ਇਛਾ ਅਨੁਸਾਰ ਵੀ ਸੀ।

ਉਹ ਸਿੱਧਾ ਰੇਲਵੇ ਸਟੇਸ਼ਨ ਤੇ ਗਿਆ, ਸਾਮਾਨ ਕੋਲ ਹੈ ਹੀ ਕੋਈ ਨਹੀਂ ਸੀ, ਹਫ਼ਤੇ ਦੀ ਮਜ਼ਦੂਰੀ ਜੇਬ ’ਚ ਸੀ ਹੀ ਅਤੇ ਬਗ਼ੈਰ ਟਿਕਟ ਲਏ ਉਹ ਬਨਾਰਸ ਜਾ ਪਹੁੰਚਿਆ।

ਪਰ ਆਜ਼ਾਦ ਦੇ ਇਸ ਦੌਰ ਨੇ ਉਸਨੂੰ ਮਜ਼ਦੂਰ ਦੇ ਸੱਚ ਦਾ ਸਿੱਧਾ ਅਨੁਭਵ ਕਰਾ ਦਿੱਤਾ ਸੀ।

ਆਜ਼ਾਦ ਲਈ ਪੰਡਤ ਬਣਨ ਖ਼ਾਤਰ ਸੰਸਕ੍ਰਿਤ ਵਰਗੀ ਜਟਲ ਭਾਸ਼ਾ ਸਿਖਣ ਲਈ ਮਨ ਬਨਾਉਣਾ ਕਿੰਨੀ ਕੁ ਵੱਡੀ ਮਜ਼ਬੂਰੀ ਹੋਵੇਗੀ, ਉਸ ਆਜ਼ਾਦ ਲਈ ਜਿਹੜਾ ਹਿੰਦੀ ਵਰਗੀ ਜਾਣੀ-ਪਛਾਣੀ ਸਰਲ ਭਾਸ਼ਾ ਦੀ ਪੜ੍ਹਾਈ ਤੀਜੀ-ਚੌਥੀ ਜਮਾਤੇ ਵਿੱਚ ਹੀ ਛੱਡ ਕੇ ਫ਼ਰਾਰ ਹੋ ਗਿਆ ਸੀ। ਹੁਣ ਸੰਸਕ੍ਰਿਤ ਪਾਠਸ਼ਾਲਾ ’ਚ, ਬ੍ਰਾਹਮਣ ਹੋਣ ਦੇ ਨਾਤੇ ਦਾਖ਼ਲਾ ਤਾਂ ਮਿਲ ਗਿਆ ਤੇ ਰੋਟੀ ਤੇ ਰਿਹਾਇਸ਼ ਲਈ ਧਰਮਸ਼ਾਲਾ ਵੀ, ਪਰ ਜਦੋਂ ਉਸ ਨੂੰ ਪ੍ਰਾਚੀਨ ਸ਼ਾਸਤਰਾਂ ਦੇ ਅਧਿਐਨ ਲਈ ਵਿਆਕਰਣ ਦੇ ਘੋਟੇ ਲਾਉਣੇ ਪੈ ਗਏ, ਤਾਂ ਉਸ ਦਾ ਮੰਨ ਉਕਤਾਉਣ ਵਿੱਚ ਕਿੰਨੀ ਕੁ ਦੇਰ ਲਗਣੀ ਸੀ...। ਇਸੇ ਦੌਰਾਨ ਸਾਲ 1921’ਚ ਗਾਂਧੀ ਜੀ ਦੀ ਨਾਮਿਲਵਰਤਣ ਲਹਿਰ ਦੀ ਬਨਾਰਸ ਵਿੱਚ ਸ਼ੁਰੂਆਤ ਵੀ ਸੰਸਕ੍ਰਿਤ ਕਾਲਜ ਤੋਂ ਹੀ ਹੋਈ, ਜਿੱਥੇ ਕਿ ਉਹ ਪੜ੍ਹ ਰਿਹਾ ਸੀ।

**ਹੁਣ ਸੱਤਿਆਗ੍ਰਹੀ**

ਗਾਂਧੀ ਜੀ ਦੇ ਸੱਦੇ ਤੇ ਪੜ੍ਹਾਈ ਵਿਚੇ ਹੀ ਛੱਡ ਕੇ ਨਾਮਿਲਵਰਤਨ ਲਹਿਰ ਵਿੱਚ ਕੁਦ ਪੈਣਾ, ਬੜਾ ਸਹਿਲ ਸੀ ਤੇ **ਕਿਉਂਕਿ ਗਾਂਧੀ ਜੀ ਨੇ ਇੱਕ ਸਾਲ ਦੇ ਅੰਦਰ ਸਵਰਾਜ ਹਾਸ਼ਲ ਕਰ ਲੈਣ ਦਾ ਦਾਅਵਾ ਕੀਤਾ ਸੀ, ਜਿਸ ਦੇ ਮੱਦੇਨਜ਼ਰ ਦੇਸ਼ ਭਰ ਦੇ ਇਨਕਲਾਬੀਆਂ ਨੇ ਵੀ ਆਪਣੀਆਂ ਸਰਗਰਮੀਆਂ ਇਸ ਅਰਸੇ ਦੌਰਾਨ ਰੋਕੀ ਰੱਖਣਾ ਮੰਨ ਲਿਆ ਸੀ।**

* Email: mjswaraich29@gmail.com; Ph: 0172-2556314

ਜਦੋਂ ਆਜ਼ਾਦ ਦੇ ਸੱਤਿਆਗ੍ਰਹੀ ਕਰਨ ਤੇ ਗ੍ਰਿਫ਼ਤਾਰ ਕਰਕੇ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਵੇਲੇ ਉਹ ਲੱਗਭਗ ਪੰਦਰਾ ਕੁ ਸਾਲਾਂ ਦਾ ਅਲੂਆਂ ਮੁੰਡਾ ਸੀ, ਇਸ ਲਈ ਕਾਨੂੰਨੀ ਤੌਰ ਤੇ ਉਸ ਨੂੰ ਨਾਬਾਲਗ਼ ਹੋਣ ਕਰਕੇ ਕੈਦ ਦੀ ਸਜ਼ਾ ਦਿੱਤੀ ਨਹੀਂ ਜਾ ਸਕਦੀ ਸੀ।

ਜਦੋਂ ਉਸ ਨੂੰ ਮੈਜਿਸਟ੍ਰੇਟ, ਸ੍ਰੀ ਖਾਰੇ ਘਾਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਸ ਦਾ ਨਾਂਅ ਪੁੱਛਣ ਤੇ ਉਸ ਦਾ ਜਵਾਬ ਸੀ, "ਆਜ਼ਾਦ।"

"ਪਿਤਾ ਦਾ ਨਾਂਅ?"

"ਸਵਾਧੀਨਤਾ।"

"ਰਿਹਾਇਸ਼?"

"ਜੇਲ੍ਹਖਾਨਾ।"

ਉਸ ਨੂੰ 15 ਬੈਂਤਾਂ ਦੀ ਸਜ਼ਾ ਸੁਣਾ ਕੇ, ਸੈਂਟ੍ਰਲ ਜੇਲ੍ਹ ਭੇਜ ਦਿੱਤਾ ਗਿਆ, ਜਿੱਥੇ ਉਸ ਦੀ ਬੈਂਤਾਂ ਨਾਲ 'ਟਹਿਲ ਸੇਵਾ' ਹੋਣੀ ਸੀ।

**ਬੈਂਤਾਂ ਦਾ ਕਹਿਰ**

ਜਿਨ੍ਹਾਂ ਸਕੂਲੀ ਪੜ੍ਹਾਈ ਦੌਰਾਨ ਕਦੇ ਨਾ ਕਦੇ ਬੈਂਤ ਖਾਧੇ ਹੋਣਗੇ ਜਾਂ ਨਾਲ ਦਿਆਂ ਨੂੰ ਪੈਂਦੇ ਵੇਖਿਆ ਹੋਵੇਗਾ, ਉਹ ਕਦੇ ਜੇਲ੍ਹੀਂ 'ਬੈਂਤਾਂ' ਦੀ ਬਰਬਰਤਾਂ ਦਾ ਅਟਾ-ਸੱਟਾ ਵੀ ਨਹੀਂ ਲਾ ਸਕਦੇ।

ਆਜ਼ਾਦੀ ਤੋਂ ਕੁੱਝ ਕੁ ਸਾਲ ਪਿਛੋਂ ਤਾਂ ਇਹ ਸਜ਼ਾ ਬੰਦ ਕਰ ਦਿੱਤੀ ਗਈ ਸੀ, ਪਰ ਪੁਰਾਣੀ ਜੇਲ੍ਹ ਨਿਯਮਾਂਵਲੀ (Jail Rules) ਅੰਦਰ ਬੈਂਤ ਦੀ ਬਣਤਰ, ਮਾਰਣ ਦੇ ਵੇਰਵੇ ਪੜ੍ਹ ਕੇ ਦਿਲ ਦਹਿਲ ਜਾਂਦਾ ਹੈ; ਇਹ ਸਜ਼ਾ ਕੇਵਲ ਜੇਲ੍ਹ ਨਿਯਮਾਂਵਲੀ ਦੀ ਘੋਰ ਉਲੰਘਣਾ ਕਰਨ ਵਾਲੇ ਨੂੰ ਹੀ ਦਿੱਤੀ ਜਾਂਦੀ ਹੈ, ਤੇ ਬੈਂਤ ਮਾਰਣੋ ਪਹਿਲਾਂ ਡਾਕਟਰ ਤੋਂ ਤਸਦੀਕ ਕਰਵਾਉਣਾ ਜ਼ਰੂਰੀ ਹੁੰਦਾ ਹੈ ਕਿ ਇਹ ਵਿਅਕਤੀ ਇਹ ਸਜ਼ਾ ਬਰਦਾਸ਼ਤ ਕਰ ਸਕੇਗਾ।

ਉਸ ਬੈਂਤ ਨੂੰ ਪਹਿਲਾਂ ਕੁੱਝ ਦਿਨ ਪਾਣੀ ਵਿੱਚ ਰੱਖਿਆ ਜਾਂਦਾ ਹੈ ਤਾਕਿ ਉਸਦੀ ਸੱਟ ਹੋਰ ਭਿਆਨਕ ਹੋ ਜਾਏ।

ਬੈਂਤ ਖਾਣ ਵਾਲੇ ਨੂੰ ਨੰਗਾ ਕਰਕੇ ਸਿਰਫ਼ ਪਿੱਠ ਤੇ ਪਤਲਾ ਜਿਹਾ ਮਲਮਲ ਦਾ ਕਪੜਾ ਬਨ੍ਹ ਦਿੱਤਾ ਜਾਂਦਾ ਹੈ, ਤੇ ਉਸਦੀਆਂ ਲੱਤਾਂ-ਬਾਹਾਂ ਇੱਕ ਬਲੈਕ-ਬੋਰਡ ਸਟੈਂਡ ਵਰਗੀ ਟਿਕਟਿਕੀ ਨਾਲ ਖੜਾ ਕਰਕੇ ਖ਼ੂਬ ਕੱਸ ਕੇ ਬਨ੍ਹ ਦਿੱਤੀਆਂ ਜਾਂਦੀਆਂ ਸਨ। ਅਕਸਰ ਬੈਂਤ ਖਾਣ ਵਾਲੇ ਬੈਂਤ ਖਾਣ ਤੋਂ ਪਹਿਲਾਂ ਗਾਂਜਾ, ਆਦਿ ਦਾ ਸੇਵਨ ਕਰਦੇ ਸਨ, ਤਾਂਕਿ ਪੀੜ ਸਹਿਣੀ ਸੁਖਾਲੀ ਹੋ ਜਾਏ।

ਇਹ ਕਾਰਵਾਈ ਹਮੇਸ਼ਾ ਜੇਲ੍ਹ ਸੁਪਰਡੰਟ ਤੇ ਜੇਲ੍ਹ ਡਾਕਟਰ ਦੀ ਹਾਜ਼ਰੀ ਵਿਚ ਹੀ ਹੁੰਦੀ ਸੀ ਤੇ ਹਰੇਕ ਬੈਂਤ ਪਿਛੋਂ ਜੇਲ੍ਹ ਅਫ਼ਸਰ ਮਾਰੇ ਜਾ ਰਹੇ ਬੈਂਤਾ ਦੀ ਗਿਣਤੀ ਬੋਲਦਾ ਜਾਂਦਾ ਸੀ।

ਆਜ਼ਾਦ ਨੂੰ ਬੈਂਤ ਪੈਣ ਵੇਲੇ ਮਜੂਦ ਇੱਕ ਜੇਲ੍ਹ ਅਧਿਕਾਰੀ ਗੰਡਾ ਸਿੰਘ ਵੀ ਸੀ, ਜੋ ਪਿੱਛੋਂ ਫਤਿਹਆਬਾਦ ਜੇਲ੍ਹ ਦਾ, ਉਨ੍ਹੀਂ ਦਿਨੀਂ, ਸੁਪਰਡੰਟ ਸੀ, ਜਦੋਂ ਉਥੇ ਜੋਗੇਸ਼ ਚੈਟਰਜੀ ਤੇ ਮਨਮਥ ਗੁਪਤ ਵੀ ਕੈਦ ਸਨ। ਉਦੋਂ ਮਨਮਥ ਨੇ ਗੰਡਾ ਸਿੰਘ ਨਾਲ ਗਲਬਾਤ ਕਰਦਿਆਂ ਆਜ਼ਾਦ ਦੇ ਬੈਂਤ ਖਾਣ ਦੇ ਦ੍ਰਿਸ਼ ਬਾਰੇ ਪੁਛਿਆ, ਕਿਉਂਕਿ ਉਸ ਨੂੰ ਪਤਾ ਲੱਗਿਆ ਸੀ ਕਿ ਗਡਾ ਸਿੰਘ ਦੀ ਡਿਊਟੀ ਉਨ੍ਹੀਂ ਦਿਨੀਂ ਬਨਾਰਸ ਜੇਲ 'ਚ ਹੀ ਸੀ। ਸੱਤ-ਅੱਠ ਸਾਲ ਬੀਤ ਜਾਣ ਤੇ ਵੀ ਗੰਡਾ ਸਿੰਘ ਨੂੰ ਅਜੇ ਕਾਫ਼ੀ ਕੁੱਝ ਚੇਤੇ ਸੀ।

**ਮਨਮਥ:** "ਮੇਰੇ ਆਜ਼ਾਦ ਦਾ ਨਾਂ ਲੈਂਦਿਆਂ ਹੀ ਉਹ ਬੋਲ ਪਿਆ, 'ਉਹ ਮਾਤਾ ਦੇ ਦਾਗ਼ਾ ਵਾਲਾ ਮੁੰਡਾ?... ਮੈਨੂੰ ਤਾਂ ਉਦੋਂ ਹੀ ਸੁਝ ਗਿਆ ਸੀ ਕਿ ਇਹ ਕ੍ਰਾਂਤੀਕਾਰੀ ਬਣੇਗਾ ਹੀ।'

ਹਰੇਕ ਬੈਂਤ ਪੈਣ ਤੇ ਆਜ਼ਾਦ ਚੀਕਣ-ਚਿਲਾਉਂਣ ਦੀ ਬਜਾਏ ਪੂਰੇ ਜ਼ੋਰ ਨਾਲ ਕਹਿੰਦਾ "ਭਾਰਤ ਮਾਤਾ ਕੀ ਜੈ", "ਵੰਦੇ ਮਾਤ੍ਰਮ।"

ਜਿਸ ਘੜੀ ਬੈਂਤ ਮਾਰਨ ਉਪਰੰਤ ਆਜ਼ਾਦ ਦੀ ਪਿੱਠ ਤੋਂ ਕਪੜਾ ਚੁਕਿਆ ਗਿਆ ਤਾਂ ਉਸਦੇ ਨਾਲ ਹੀ ਲਹੂ ਨਾਲ ਲਥ-ਪਥ, ਉਧੜੀ ਹੋਈ ਚਮੜੀ ਵੀ ਨਾਲ ਹੀ ਆ ਗਈ; ਡਾਕਟਰ ਨੇ ਉਸ ਦੇ ਜ਼ਖਮਾਂ ਤੇ ਦਵਾਈ ਤਾਂ ਲਗਾਈ ਪਰ ਲਹੂ ਉਸੇ ਤਰ੍ਹਾਂ ਹੀ ਵਗ ਰਿਹਾ ਸੀ।

ਸਜ਼ਾ ਭੁਗਤ ਲੈਣ ਪਿਛੋਂ ਆਜ਼ਾਦ ਨੂੰ ਜੇਲੋਂ ਬਾਹਰ ਕੱਢਣ ਵੇਲੇ ਜੇਲ੍ਹ ਨਿਯਮਾਂ ਅਨੁਸਾਰ ਤਿੰਨ ਆਨੇ (19 ਪੈਸੇ) ਦਿੱਤੇ ਗਏ ਜੋ ਉਸ ਨੇ ਭੁਆ ਕੇ ਜੇਲ੍ਹਰ ਦੇ ਮੂੰਹ ਵੱਲ ਵਗਾਹ ਮਾਰੇ। ਲਤਾਂ ਘੜੀਸਦਿਆਂ ਆਜ਼ਾਦ ਜੇਲ੍ਹੋਂ ਬਾਹਰ ਨਿਕਲ ਆਇਆ; ਬਾਹਰ ਆਉਣ ਪਿਛੋਂ ਵੈਦ ਗੌਰੀਸ਼ਕਰ ਸ਼ਾਸਤਰੀ ਨੇ ਉਸ ਦੇ ਜ਼ਖਮਾਂ ਦਾ ਇਲਾਜ ਕੀਤਾ।

ਵੇਖਦਿਆਂ-ਵੇਖਦਿਆਂ ਹੀ ਉਹ 'ਹੀਰੋ' ਬਣ ਗਿਆ। ਉਸ ਦੀ ਮਸ਼ਹੂਰੀ ਦਾ ਅੰਦਾਜ਼ਾ, ਪੰਡਤ ਜਵਾਹਰ ਲਾਲ ਨਹਿਰੂ ਦੇ ਆਪਣੀ ਆਤਮ ਕਥਾ ਵਿੱਚ ਕੀਤੇ ਉਸੇ ਜ਼ਿਕਰ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ "1921 ਵੇਲੇ ਤੋਂ ਹੀ ਆਜ਼ਾਦ ਦਾ ਨਾਂਅ ਸੁਣ ਰੱਖਿਆ ਸੀ।" [ਨੋਟ: ਇਹਦਾ ਜ਼ਿਕਰ ਪੰਡਤ ਨੇਹਿਰੂ ਨੇ ਆਜ਼ਾਦ ਦੀ ਆਪਣੀ ਸ਼ਹੀਦੀ ਤੋਂ ਕੁੱਝ ਦਿਨ ਪਹਿਲਾਂ ਉਹਦੇ ਨਿਵਾਸ ਤੇ ਆਜ਼ਾਦ ਵੱਲੋਂ ਕੀਤੀ ਮੁਲਾਕਾਤ ਬਾਰੇ ਲਿਖਦੇ ਹੋਏ ਕੀਤਾ ਹੈ।]

ਬਨਾਰਸ ਵਾਸੀਆਂ ਦੇ ਇੱਕ ਭਾਰੀ ਇਕੱਠ ਵਿੱਚ ਆਜ਼ਾਦ ਨੂੰ ਸਨਮਾਨਤ ਕੀਤਾ ਗਿਆ; ਕੱਦ ਛੋਟਾ ਹੋਣ ਕਰਕੇ ਉਸ ਨੂੰ ਉਚੇ ਮੰਚ ਤੇ ਖੜਾ ਕੀਤਾ ਗਿਆ ਤਾਕਿ ਸਾਰੇ ਉਸ ਦ 'ਦਰਸ਼ਨ' ਕਰ ਸਕਣ।

ਚਰਖੇ ਨਾਲ ਖਿੰਚੀ ਹੋਈ ਉਸਦੀ ਇਹ ਫੋਟੋ ਉਸ ਮੌਕੇ ਦੀ ਹੈ, ਇਸ ਫ਼ੋਟੋ ਦੀ ਕਹਾਣੀ ਵੀ ਦਿਲਚਸਪ ਹੈ।

---